ਵਿਭਾਗ ਪੁਲਿਸ ਕਮਿਸ਼ਨਰੇਟ ਅੰਮ੍ਰਿਤਸਰ

## ਰੋਜ਼ਾਨਾਂ ਕਰਾਇਮ ਰਿਪੋਰਟ ਮਿਤੀ 15.04.25 ਵਕਤ 12.00 ਏ.ਐਮ.ਤੋਂ 12.00 ਏ.ਐਮ. ਤੱਕ

## ਏ.ਡੀ.ਸੀ.ਪੀ-1

### 1.ਏ.ਸੀ.ਪੀ./ਸਾਊਥ (ਸੀ. ਡਵੀਜਨ, ਸੁਲਤਾਨਵਿੰਡ)

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਸੰਖੇਪ ਹਾਲਾਤ (ਬ੍ਰਾਮਦਗੀ ਜੇਕਰ ਕੋਈ ਹੈ) | ਤਫਤੀਸ਼ੀ ਅਫਸਰ |
|---|---|---|---|---|---|---|
| 1. | **ਸੁਲਤਾਨਵਿੰਡ** | 47 dt 15-4-25 u/s 115(2)/ 333/ 3(5) BNS, | ਨਰਿੰਦਰ ਸਿੰਘ | ਗੁਰਪ੍ਰਭਦੀਪ ਸਿੰਘ | ਇਹ ਮੁਕੱਦਮਾ ਬਰਬਿਆਨ ਨਰਿੰਦਰ ਸਿੰਘ ਦਰਜ ਰਜਿਸਟਰ ਕੀਤਾ ਗਿਆ ਕਿ ਉਹ ਮਿਤੀ 12-4-25 ਨੂੰ ਉਹ ਇਕੱਲਾ ਘਰ ਵਿੱਚ ਸੀ।ਵਕਤ ਕ੍ਰੀਬ 10 ਵਜੇ ਸੁਭਾ ਦਾ ਹੋਵੇਗਾ ਕਿ ਉਸਦਾ ਭਤੀਜਾ ਗੁਰਪ੍ਰਭਦੀਪ ਸਿੰਘ ਉੱਕਤ ਨੇ ਉਸਨੂੰ ਆ ਕੇ ਕਿਹਾ ਕਿ ਉਸਨੂੰ 4000 ਹਜਾਰ ਰੁਪਏ ਦਿਓ ਪਰ ਉਸਨੇ ਇਹ ਪੈਸੇ ਦੇਣ ਤੋਂ ਇੰਨਕਾਰ ਕਰ ਦਿੱਤਾ ਤਾਂ ਉਸਦਾ ਭਤੀਜਾ ਬਾਹਰ ਖੜ੍ਹੀ ਗੱਡੀ ਵਿੱਚੋਂ ਹਾਕੀ ਕੱਢ ਲਿਆਇਆ ਅਤੇ ਉਸਦੇ ਸਾਥੀ ਖਾਲੀ ਹੱਥ ਮੁਦੱਈ ਦੇ ਘਰ ਵਿੱਚ ਦਾਖਲ ਹੋ ਗਏ ਅਤੇ ਉਸਦੇ ਭਤੀਜੇ ਗੁਰਪ੍ਰਭਦੀਪ ਸਿੰਘ ਨੇ ਆਪਣੇ ਹੱਥ ਵਿੱਚ ਫੜੀ ਹਾਕੀ ਦਾ ਵਾਰ ਉਸ ਉੱਪਰ ਕੀਤਾ ਅਤੇ ਉਹ ਜਮੀਨ ਤੇ ਡਿੱਗ ਗਿਆ ਅਤੇ ਉਸਦੇ ਡਿੱਗੇ ਪਏ ਦੇ ਵੀ ਉਸਨੇ ਹਾਕੀ ਦੇ ਵਾਰ ਕੀਤੇ ਅਤੇ ਰੌਲਾ ਪੈਂਦਾ ਦੇਖ ਕੇ ਉਸਦਾ ਭਰਾ ਬਲਵਿੰਦਰ ਸਿੰਘ ਉਸਦੇ ਘਰ ਦੇ ਅੰਦਰ ਆਇਿਆ ਅਤੇ ਭਤੀਜੇ ਗੁਰਪ੍ਰਭਦੀਪ ਸਿੰਘ ਅਤੇ ਉਸਦੇ ਸਾਥੀਆਂ ਨੇ ਬਲਵਿੰਦਰ ਸਿੰਘ ਦੀ ਵੀ ਮਾਰ ਕੁਟਾਈ ਕਰਨੀ ਸ਼ੁਰੂ ਕਰ ਦਿੱਤੀ ਜੋ ਗਲੀ ਵਿੱਚ ਲੋਕ ਇਕੱਠੇ ਹੁੰਦੇ ਦੇਖ ਕੇ ਉਹ ਸਾਰੇ ਮੌਕਾ ਤੋਂ ਭੱਜ ਗਏ। | ASI Vikramjit Singh |
| 2. | **ਸੁਲਤਾਨਵਿੰਡ** | 48 dt 15-4-25 u/s 13-A/3 Gambling Act, | ASI Avtar Singh | ਅਯਾਦਬੀਰ ਸਿੰਘ | ਇਹ ਮੁਕੱਦਮਾ ASI ਅਵਤਾਰ ਸਿੰਘ ਦੀ ਲਿਖਤ ਪਰ ਦਰਜ ਰਜਿਸਟਰ ਹੋਇਆ ਕਿ ਦੋਰਾਨੇ ਗਸ਼ਤ ਵਾ ਤਲਾਸ਼ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਮੁੱਖਬਰ ਖਾਸ ਨੇ ਇਤਲਾਹ ਦਿੱਤੀ ਕਿ ਅਯਾਦਬੀਰ ਸਿੰਘ ਦੇ ਘਰ ਵਿੱਚ ਵਿਅਕਤੀ ਅਤੇ ਔਰਤਾਂ ਮਿਲ ਕੇ ਜੂਆ ਖੇਡ ਰਹੇ ਹਨ ਜੇਕਰ ਹੁਣੇ ਹੀ ਰੇਡ ਕੀਤਾ ਜਾਵੇ ਤਾਂ ਜੂਏ ਦੀ ਰਕਮ ਸਮੇਤ ਕਾਬੂ ਆ ਸਕਦੇ ਹਨ ਜੋ ਇਤਲਾਹ ਠੋਸ ਅਤੇ ਭਰੋਸੇਯੋਗ ਹੋਣ ਤੇ ਮੁੱਖਬਰ ਖਾਸ ਨੂੰ ਫਾਰਗ ਕੀਤਾ ਗਿਆ ਅਤੇ ਉੱਕਤ ਜੁਰਮ ਜੇਰ ਧਾਰਾ ਕਰਕੇ 13-ਏ/3/67 ਗੈਂਬਲਿੰਗ ਐਕਟ ਦੀ ਜੱਦ ਵਿੱਚ ਆਉਂਦਾ ਹੋਣ ਕਾਰਨ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। | ASI Avtar Singh |

2.ਏ.ਸੀ.ਪੀ. / ਸੈਂਟਰਲ ( ਡੀ –ਡਵੀਜਨ, ਈ –ਡਵੀਜਨ, ਗੇਟ ਹਕੀਮਾ,ਇਸਲਾਮਾਬਾਦ)

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਸੰਖੇਪ ਹਾਲਾਤ (ਬ੍ਰਾਮਦਗੀ ਜੇਕਰ ਕੋਈ ਹੈ) | ਤਫਤੀਸ਼ੀ ਅਫਸਰ |
|---|---|---|---|---|---|---|
| 3. | **ਡੀ ਡਵੀਜਨ** | 25/15.04.25 U/s 21-B/27-A NDPS Act | ਏ ਐਸ ਆਈ ਜਗਦੀਪ ਸਿੰਘ | ਹੰਸਰਾਜ ਉਰਫ ਬਾਊ | ਮਨ ਏ ਮਨ ਐਸ ਆਈ ਸਮੇਤ ਸਾਥੀ ਕਰਮਚਾਰੀਆ ਗਸ਼ਤ ਦੇ ਸਬੰਧ ਵਿਚ ਇਲਾਕਾ ਥਾਣਾ ਮੋਜੂਦ ਸੀ ਕਿ ਦੋਰਾਨੇ ਚੈਕਿੰਗ ਹੰਸਰਾਜ ਉਰਫ ਬਾਊ ਪਾਸੋ 10 **ਗ੍ਰਾਂਮ ਹੈਰੋਇਨ ਤੇ** 800 **ਰੁਪਏ ਭਾਰਤੀ ਕਰੰਸੀ ਡੱਰਗ ਮਨੀ** ਬ੍ਰਾਮਦ ਹੋਣ ਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ | ਏ ਐਸ ਆਈ ਜਗਦੀਪ ਸਿੰਘ |
| 4. | **ਗੇਟ ਹਕੀਮਾ** | 78 Dt. 15.4.25 U/s 21(b) 27(A) NPDS ACT ` | ਏ ਐਸ ਆਈ ਰਾਮੇਸ਼ ਕੁਮਾਰ ਇੰਚਾਰਜ ਚੋਕੀ ਅੰਨਗੜ ਅੰਮ੍ਰਿਤਸਰ | ਗੁਰਪ੍ਰੀਤ ਸਿੰਘ ਕਾਲੀ | ਮਨ ਐਸ ਆਈ ਸਮੇਤ ਸਾਥੀ ਕਰਮਚਾਰੀਆ ਗਸ਼ਤ ਦੇ ਸਬੰਧ ਵਿਚ ਇਲਾਕਾ ਥਾਣਾ ਮੋਜੂਦ ਸੀ ਕਿ ਗੁਰਪ੍ਰੀਤ ਸਿੰਘ ਕਾਲੀ **ਪਾਸੋ** 12 **ਗ੍ਰਾਮ ਹੈਰੋਇਨ ਤੇ** 1300 **ਭਾਰਤੀ ਕਰੰਸੀ ਡਰੱਗ ਮਨੀ** ਬ੍ਰਾਮਦ ਹੋਣ ਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ | ਏ ਐਸ ਆਈ ਰਾਮੇਸ਼ ਕੁਮਾਰ ਇੰਚਾਰਜ ਚੋਕੀ ਅੰਨਗੜ ਅੰਮ੍ਰਿਤਸਰ |
| 5. | **ਇਸਲਾਮ ਾਬਾਦ** | 96 Dt: 15-04-25 u/s 42,52-A Prison ACT | ਅਮਰਬੀਰ ਸਿੰਘ, ਸਹਾਇਕ ਸੁਪਰਡੈਂਟ, | ਨਾਮਲੂਮ | ਕੇਦਰੀ ਜੇਲ ਫਤਾਹਪੁਰ ਵਿੱਚ ਲਵਾਰਸ ਹਾਲਤ ਵਿੱਚ **ਕੁਲ** 03 **ਕੀਪੇਂਡ ਮੋਬਾਇਲ ਫੋਨ ਸਮੇਤ** 02 **ਚਾਰਜਿੰਗ ਅਡੈਂਪਟਰ ਸਮੇਤ ਡਾਟਾ ਕੇਬਲ** ਬਰਾਮਦ ਹੋਣ ਤੇ ਕਾਨੂੰਨੀ ਕਾਰਵਾਈ ਕਰਨ ਸਬੰਧੀ | ASI Ashwani kumar |

**ਏ.ਡੀ.ਸੀ.ਪੀ-2**

3.ਏ.ਸੀ.ਪੀ.ਨੋਰਥ (ਸਿਵਲ ਲਾਈਨ, ਸਦਰ, ਮਜੀਠਾ ਰੋਡ, ਰਣਜੀਤ ਐਵੀਨਿਊ )

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਸੰਖੇਪ ਹਾਲਾਤ (ਬ੍ਰਾਮਦਗੀ ਜੇਕਰ ਕੋਈ ਹੈ) | ਤਫਤੀਸ਼ੀ ਅਫਸਰ |
|---|---|---|---|---|---|---|
| 1. | **ਸਿਵਲ ਲਾਈਨ** | 48 ਮਿਤੀ 15-04-25 ਜੁਰਮ 380 ਭ.ਦ | Simrat Kaur Sarkaria | ਵਿਨੇਪ੍ਰੀਤ ਸਿੰਘ | ਮੁਦਈਆ ਨੇ ਦੱਸਿਆ ਕਿ ਉਸਨੇ ਬਾਹਰ ਇੰਗਲੈਂਡ ਜਾਣ ਤੋ ਪਹਿਲਾ ਆਪਣੇ ਗਹਿਣੇ ਜੇਵਰਾਤ ਕੀਮਤ ਕਰੀਬ 40-50 ਲੱਖ ਰੂਪੈ ਸਾਲ 2021 ਵਿਚ ਆਪਣੇ ਘਰ ਰੱਖੇ ਸੀ ਜਿਸਨੂੰ ਉਸਦੇ ਭਰਾ ਦੋਸ਼ੀ ਉਕਤ ਵੱਲੋ ਚੋਰੀ ਕਰ ਲਿਆ ਗਿਆ ਜਿਸਤੇ ਉਕਤ ਮੁਕਦਮਾ ਦਰਜ ਕੀਤਾ ਗਿਆ । | ASI SATNAM SINGH |
| 2. | **ਸਿਵਲ** | 49 ਮਿਤੀ 15- | ਸ੍ਰੀ ਅਨਿਲ ਖੰਨਾ ਡਿਪਟੀ | Sh. Manjeet, IO, | ਦੋਸ਼ੀ ਉਕਤ ਵੱਲੋ ਕੋਰਟ ਵਿਚ ਪੇਸ਼ ਕਰਨ ਦੇ ਨਾਮ | ASI |

| | | | | | | |
|---|---|---|---|---|---|---|
| | **ਲਾਈਨ** | 04-25 ਜੁਰਮ 316(5) BNS | ਕਮਿਸ਼ਨਰ ਕਸਟਮ (ਪ੍ਰੀਵੈਨਟਿਵ) ਕਮਿਸ਼ਨਰੇਟ ਅੰਮ੍ਰਿਤਸਰ | DRI Amritsar Custom house ASR | ਪਰ 5.47 ਕਿਲੋ ਹੈਰੋਇਨ ਮਾਲਖਾਨਾ ਕਸਟਮ ਵਿਚੋ ਲੈ ਲਈ ਗਈ ਪਰ ਵਾਪਸ ਜਮਾ ਨਹੀ ਕਰਵਾਈ ਗਈ ਜਿਸਤੇ ਉਕਤ ਮੁਕਦਮਾ ਦਰਜ ਕੀਤਾ ਗਿਆ । | BALWINDER SINGH |

## 5.ਏ.ਸੀ.ਪੀ.ਵੈਸਟ (ਛੇਹਰਟਾ, ਕੰਟੋਨਮੈਂਟ)

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਸੰਖੇਪ ਹਾਲਾਤ (ਬ੍ਰਾਮਦਗੀ ਜੇਕਰ ਕੋਈ ਹੈ) | ਤਫਤੀਸ਼ੀ ਅਫਸਰ |
|---|---|---|---|---|---|---|
| 4. | **ਕੰਟੋਨਮੈਂਟ** | 57 ਮਿਤੀ 15.04.2025 ਜੁਰਮ 18,29,61,85N DPS /ACT | SI ਰਕੇਸ ਕੁਮਾਰ | 1.ਮਹਿਕਦੀਪ ਸਿੰਘ<br>2. ਨਿਤੀਸ | ਇਹ ਮੁਕੱਦਮਾ SI ਰਕੇਸ ਕੁਮਾਰ 1441 CIA -3 ਵੱਲੋ ਬਰਖਿਲਾਫ .ਮਹਿਕਦੀਪ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਮਕਾਨ ਨੰਬਰ 15 ਗਲੀ ਨੰਬਰ 05 ਈਸਟ ਗੋਬਿੰਦ ਡਰੰਮਾ ਵਾਲਾ ਬਜਾਰ ਸੁਲਤਾਨਵਿੰਡ ਅਮ੍ਰਿਤਸਰ ਅਤੇ . ਨਿਤੀਸ ਪੁੱਤਰ ਅਮਰਜੀਤ ਵਾਸੀ ਗੁਰਵਾਲੀ ਗੇਟ ਲੋਹਾਰਾ ਵਾਲਾ ਬਜਾਰ ਛੱਪੜ ਵਾਲੀ ਗਲੀ ਨਜਦੀਕ ਅਮਰਜੀਤ ਕਰਿਆਣਾ ਸਟੋਰ ਚਬੂਤਰਾ ਅਮ੍ਰਿਤਸਰ **ਪਾਸੋ 40 ਗ੍ਰਾਮ ਅਫੀਮ ਬ੍ਰਾਮਦ** ਹੋਣ ਤੇ ਦਰਜ ਰਜਿਸਟਰ ਕੀਤਾ ਗਿਆ | SI ਰਕੇਸ ਕੁਮਾਰ 1441 CIA -3 |
| 5. | **ਕੰਟੋਨਮੈਂਟ** | 58 ਮਿਤੀ 15.04.2025 ਜੁਰਮ 332©,305 BNS | ਕਾਜਲ | 1.ਪ੍ਰੇਮ ਤਾਹਿਲ<br><br>2.ਸਿਵਮ ਤਾਹਿਲ | ਇਹ ਮੁਕੱਦਮਾ ਬਰ ਬਿਆਨ ਕਾਜਲ ਦੀ ਦੁਕਾਨ ਤੋ ਤੋੜ ਭੰਨ ਕਰਨ ਤੇ ਕੈਮਰੇ ਚੋਰੀ ਕਰਨ ਸਬੰਧੀ ਬਰ ਖਿਲਾਫ ਪ੍ਰੇਮ ਤਾਹਿਲ ਵਾਸੀ ਕੈਨਾਲ ਕਲੋਨੀ ASR 2.ਸਿਵਮ ਤਾਹਿਲ ਦੇ ਖਿਲਾਫ ਦਰਜ ਰਜਿਸਟਰ ਕੀਤਾ ਗਿਆ | ASI ਜਸਵਿੰਦਰ ਕੁਮਾਰ |
| 6. | **ਕੰਟੋਨਮੈਂਟ** | 59 ਮਿਤੀ 15.04.2025 ਜੁਰਮ 108,3(5) BNS | ਮੀਨੂੰ ਤਾਹਿਲ | 1.ਪਵਨ ਕੁਮਾਰ,<br>2. ਹੈਮੁਲ<br>,3 ਧਰਮਪਾਲ<br>4. ਲ਼ਾਲਿਤ | ਇਹ ਮੁਕੱਦਮਾ ਬਰ ਬਿਆਨ ਮੀਨੂੰ ਤਾਹਿਲ ਦੇ ਪਤੀ ਮਹਿੰਦਰਪਾਲ ਤਾਹਿਲ ਵੱਲੋ ਕੋਈ ਜਹਰੀਲੀ ਚੀਜ ਖਾ ਕੇ ਆਤਮ ਹੱਤਿਆ ਕਰਨ ਸਬੰਧੀ ਬਰ ਖਿਲਾਫ 1.ਪਵਨ ਕੁਮਾਰ,2. ਹੈਮੁਲ ,3 ਧਰਮਪਾਲ 4. ਲ਼ਾਲਿਤ ਦੇ ਖਿਲਾਫ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ । | ASI ਮੁੱਕੰਦਬੀਰ ਸਿੰਘ |

## ਏ.ਡੀ.ਸੀ.ਪੀ-3

### 6. ਏ.ਸੀ.ਪੀ.ਈਸਟ (ਮਕਬੂਲਪੁਰਾ, ਮੋਹਕਮਪੁਰਾ, ਬੀ ਡਵੀਜਨ, ਏ-ਡਵੀਜਨ, ਵੇਰਕਾ )

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਸੰਖੇਪ ਹਾਲਾਤ (ਬ੍ਰਾਮਦਗੀ ਜੇਕਰ ਕੋਈ ਹੈ) | ਤਫਤੀਸ਼ੀ ਅਫਸਰ |
|---|---|---|---|---|---|---|
| 1. | **ਏ ਡਵੀਜਨ** | 55 ਮਿਤੀ 15/04/25 ਜੁਰਮ 304 (2) BNS | ASI ਜਸਬੀਰ ਸਿੰਘ | ਕਵਲਜੀਤ ਸਿੰਘ ਉਰਫ ਨਿੱਕੂ | ਇਹ ਮੁਕੱਦਮਾ ਮੁਖਬਰੀ ਮਿਲਣ ਪਰ ਕਿ ਕਵਲਜੀਤ ਸਿੰਘ ਉਰਫ ਨਿੱਕੂ ਜੋ ਖੋਹਾਂ ਕਰਨ ਦਾ ਆਦੀ ਹੈ, ਜਿਸ ਨੇ ਕੁੱਝ ਦਿਨ ਪਹਿਲਾਂ ਗ੍ਰੇਅ ਰੰਗ ਦੀ ਬਿਨਾ ਨੰਬਰੀ ਐਕਟੀਵਾ ਤੇ ਸਵਾਰ ਹੋ ਕੇ ਮੁਹੱਲਾ ਬਾਂਕੇ ਬਿਹਾਰੀ ਵਿਖੇ ਮਧੂ ਦੀ ਸੋਨੇ ਦੀ ਸੱਜੇ ਕੰਨ ਦੀ ਵਾਲੀ ਝਪਟ ਮਾਰ ਕੇ ਖੋਹ ਕੀਤੀ ਸੀ।ਜੋ ਇਤਲਾਹ ਠੋਸ ਅਤੇ ਪੱਕੀ ਹੋਣ ਕਰਕੇ ਮੁਕਦਮਾ ਨੰਬਰ 55 ਮਿਤੀ 15/04/2025 ਜੁਰਮ 304 (2) BNS ਥਾਣਾ ਏ ਡਵੀਜਨ ਅੰਮ੍ਰਿਤਸਰ ਦਰਜ ਰਜਿਸਟਰ ਕੀਤਾ ਗਿਆ। | ASI ਜਸਬੀਰ ਸਿੰਘ |
| 2. | **ਮਕਬੂਲਪੁਰਾ** | 63 Dt. 15-04-25 U/s 109, 191(3),190, 351(1)(3) BNS 25-54-59 ARMS ACT | ਜਰਨੈਲ ਸਿੰਘ ਉਰਫ ਜੈਲਾ | 1.ਕਾਬਲ ਹਥੌੜਾ<br>2.ਬੱਬਲੂ<br>3.ਮਨਦੀਪ ਸਿੰਘ<br>4.ਲਾਲੀ<br>5.ਨਿੱਕਾ<br>6.ਬਾਦਲ | ਬਿਆਨ ਕੀਤਾ ਕਿ ਮੈ ਉਕਤ ਪੱਤੇ ਦਾ ਰਹਿਣ ਵਾਲਾ ਹਾਂ ਅਤੇ ਮਿਹਨਤ ਮਜਦੂਰੀ ਕਰਦਾ ਹਾਂ ਮਿਤੀ 14-04-2025 ਨੂੰ ਰਾਤ ਨੂੰ ਵਕਤ ਕ੍ਰੀਬ 09-00 ਵੱਜੇ ਦਾ ਹੋਵੇਗਾ ਕਿ ਮੈ ਆਪਣੇ ਕੰਮ-ਕਾਰ ਦਾ ਪਤਾ ਕਰਨ ਲਈ ਕਾਕਾ ਦੇ ਪਾਸ ਜਾ ਰਿਹਾ ਸੀ ਤਾਂ ਜਦ ਮੈ ਪੀਰਾਂ ਦੀ ਜਗਾ ਬਾਬਾ ਲੱਖ ਦਾਤਾ ਦੇ ਨੇੜੇ ਪੁੱਜਾ ਤਾਂ ਉਥੇ ਕੁਲਦੀਪ ਸਿੰਘ ਦਾ ਆਪਸ ਵਿੱਚ ਬੋਲ-ਬੁਲਾਰਾ ਹੋ ਰਿਹਾ ਸੀ ਤਾਂ ਉੱਥੇ ਬੱਬਲੂ ,ਮਨਦੀਪ ਸਿੰਘ ਮੁੱਸਲਾ ਪਿਸਟਲ,ਲਾਲੀ,ਕਾਬਲ ਹਥੋੜਾ ਮੁੱਸਲਾ ਪਿਸਟਲ,ਨਿੱਕਾ ਅਤੇ ਬਾਦਲ ਵੀ ਉੱਥੇ ਮੋਜੂਦ ਸੀ ਤਾਂ ਬੱਬਲੂ ਨੇ ਲਲਕਾਰਾ ਮਾਰ ਕੇ ਮੈਨੂੰ ਕਿਹਾ ਕਿ ਤੂੰ ਵੀ ਕੁਲਦੀਪ ਦੀ ਮਦਦ ਕਰਨ ਆਇਆ ਹੈ ਤਾਂ ਇੰਨੇ ਨੂੰ ਮਨਦੀਪ ਤੇ ਕਾਬਲ ਹਥੋੜੇ ਨੇ ਆਪਣੇ-ਆਪਣੇ ਪਿਸਟਲਾਂ ਨਾਲ ਹਵਾਈ ਫਾਇਰ ਕਰਨੇ ਸੁਰੂ ਕਰ ਦਿੱਤੇ ਤੇ ਕਾਬਲ ਹਥੋੜੇ ਨੇ ਮੈਨੂੰ ਜਾਨੋ ਮਾਰਨ ਦੀ ਨਿਯਤ ਨਾਲ ਇੱਕ ਫਾਇਰ ਮੇਰੇ ਵੱਲ ਦਿੱਤਾ ਮੈ ਦੋੜਨ ਦੀ ਕੋਸਿਸ ਕੀਤੀ ਤਾਂ ਫਾਇਰ ਪਿੱਠ ਵਿੱਚ ਚੂਲੇ ਵਿੱਚ ਖੱਬੇ ਪਾਸੇ ਲੱਗਾ ਙ ਮੈ ਤੇ ਕੁਲਦੀਪ ਨੇ ਮਾਰ ਦਿੱਤਾ-ਮਾਰ ਦਿੱਤਾ ਦਾ ਰੋਲਾ ਪਾਇਆ ਤਾਂ ਉਕਤਾਨ ਸਾਰੇ ਜਣੇ ਪਿਸਤੋਲਾਂ ਸਮੇਤ ਆਪਣੇ-ਆਪਣੇ ਮੋਟਰਸਇਕਲਾਂ ਤੇ ਸਵਾਰ ਹੋ ਕੇ ਮੋਕਾ ਤੋ | SI ਬਲਜਿੰਦਰ ਸਿੰਘ |

| | | | | | | |
|---|---|---|---|---|---|---|
| | | | | | ਭੱਜ ਗਏ ਸੜਕ ਵਿੱਚ ਬਿਜਲੀ ਦਾ ਬਲਬ ਜਗ ਰਿਹਾ ਸੀ ਇਹ ਸਾਰਾ ਵਾਕਿਆ ਕੁਲਦੀਪ ਸਿੰਘ ਨੇ ਅੱਖੀ ਵੇਖਿਆ ਏਨੇ ਨੂੰ ਮੇਰਾ ਬਾਪ ਵੀ ਮੌਕਾ ਪਰ ਆ ਗਿਆ ਜਿਸਨੇ ਸਵਾਰੀ ਦਾ ਪ੍ਰਬੰਧ ਕਰਕੇ ਮੈਨੂੰ ਇਲਾਜ ਲਈ ਗੁਰੂ ਨਾਨਕ ਹਸਪਤਾਲ ਅੰਮ੍ਰਿਤਸ਼ਰ ਦਾਖਲ ਕਰਵਾਇਆ ਜਿੱਥੇ ਮੈ ਜੇਰੇ ਇਲਾਜ ਜਿਸਤੇ ਮੁੱਕਦਮਾ ਉਕਤ ਦਰਜ ਰਜਿਸ਼ਟਰ ਕੀਤਾ ਗਿਆ | |
| 3. | **ਮਕਬੂਲ ਪੁਰਾ** | 64 Dt. 15-04-25 U/s 21-B//61/85 NDPS ACT | SI ਗੁਰਚਰਨ ਸਿੰਘ | ਸੁਖਦੇਵ ਸਿੰਘ ਉਰਫ ਸੁੱਖਾ | ਦੌਰਾਨੇ ਗਸ਼ਤ ਪੁਲਿਸ ਪਾਰਟੀ ਵੱਲੋ ਦੋਸੀ ਉਕਤ ਨੂੰ **06 ਗ੍ਰਾਮ** 1 **ਮਿਲੀਗ੍ਰਾਮ ਹੈਰੋਇੰਨ** ਸਮੇਤ ਕਾਬੂ ਕੀਤਾ ਗਿਆ ਜਿਸਤੇ ਮੁੱਕਦਮਾ ਉਕਤ ਦਰਜ ਰਜਿਸ਼ਟਰ ਕੀਤਾ ਗਿਆ | SI ਗੁਰਚਰਨ ਸਿੰਘ |